ਭਗਤ ਰਵਿਦਾਸ - ਸਬਦ ੨੧

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥

ਰਾਗੁ ਧਨਾਸਰੀ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੬੯੪

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥੧॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥
ਕਾਰਨ ਕਵਨ ਅਬੋਲ ॥ ਰਹਾਉ ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥੨॥੧॥

ਸਾਰ: ਹਉਮੈ ਸਖ਼ਤ ਹੱਦ-ਬੰਦੀਆਂ ਅੰਦਰ ਕਰਮ ਕਰਦੀ ਹੈ, ਇਹ ਮਾਪਦੀ, ਤੋਲਦੀ, ਆਪਣੇ ਆਪ ਨੂੰ ਬਚਾਉਂਦੀ, ਸਾਡੇ ਦ੍ਰਿਸ਼ਟੀਕੋਣ ਨੂੰ ਸੀਮਤ ਕਰ, ਤਣਾਅ ਪੈਦਾ ਕਰਦੀ ਹੈ। ਇਸਦੇ ਉਲਟ, ਨਿਮਰਤਾ ਸਾਨੂੰ ਸਵੀਕਾਰ ਕਰਨ ਦੀ ਆਗਿਆ ਦਿੰਦੀ ਹੈ, ਸੁਣਨ, ਸਿੱਖਣ ਦਾ ਰਾਹ ਖੋਲ੍ਹਦੀ ਹੈ ਅਤੇ ਮਰਹਮ ਬਣ ਦਰਦ ਨਿਵਾਰਦੀ ਹੈ। ਜਦੋਂ ਕਿ ਹਉਮੈ ਖੁਦ ਦੀਆਂ ਕਦਰਾਂ-ਕੀਮਤਾਂ ਵਾਲੇ ਪਲਾਂ ਨੂੰ ਵੀ ਨਿਰਣਿਆਂ ਵਿਚ ਬਦਲ ਦਿੰਦੀ ਹੈ, ਪਰ ਨਿਮਰਤਾ ਇਨ੍ਹਾਂ ਪਲਾਂ ਨੂੰ ਸਵੈ-ਸਚ ਨੂੰ ਭਾਲਣ ਦੇ ਮੌਕਿਆਂ ਵਿਚ ਰੁਪਾਂਤ੍ਰਿਤ ਕਰ ਦਿੰਦੀ ਹੈ। ਦਿਆਲਤਾ ਅਕਸਰ ਚੁਣੌਤੀਪੂਰਨ ਮਹਿਸੂਸ ਹੁੰਦੀ ਹੈ ਕਿਉਂਕਿ ਹਉਮੈ ਇਸਨੂੰ ਕਾਬੂ ਕਰਨ ਵਾਲੀ ਸਤਾ ਦੇ ਰੂਪ ਵਜੋਂ ਦੇਖਦੀ ਹੈ, ਜੋ ਸਾਨੂੰ ਪਿਛੇ ਧਕਦੀ ਹੈ। ਇਹ ਝਿਜਕ ਹਉਮੈ ਦੀ ਰੱਖਿਆ ਕਰਨ ਵਾਲੀ ਸਾਡੀ ਪ੍ਰਵਿਰਤੀ ਦਾ ਰੂਪ ਹੈ। ਪਰ ਨਿਮਰਤਾ ਇਕ ਤਾਕਤ ਹੈ ਜੋ ਸਾਨੂੰ ਅਸੁਰੱਖਿਆ ਤੋਂ ਮੁਕਤ ਕਰਦੀ ਹੈ, ਦਿਆਲਤਾ ਨੂੰ ਕੁਦਰਤੀ ਤੌਰ 'ਤੇ ਵਹਿਣ ਦੇ ਯੋਗ ਬਣਾਉਂਦੀ ਹੈ।

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥

ਮੇਰੀਆਂ ਕਮੀਆਂ ਵਰਗੀ ਕੋਈ ਕਮੀ ਨਹੀਂ, ਤੇ ਤੁਹਾਡੀ ਦਿਆਲਤਾ ਵਰਗੀ ਕੋਈ ਦਿਆਲਤਾ। ਇਸ ਮੁਲਾਂਕਣ ਵਿਚੋਂ ਕੀ ਪ੍ਰਾਪਤ ਹੋਵੇਗਾ? ਹਉਮੈ ਦੀਆਂ ਸੀਮਾਵਾਂ ਅਤੇ ਨਿਮਰਤਾ ਦੇ ਨਿਆਮਤਾਂ ਵਿਚਲਾ ਇਹ

ਅੰਤਰ, ਸਾਨੂੰ ਦਿਆਲਤਾ ਨੂੰ ਅਪਣਾਉਣ ਦੀ ਆਪਣੀ ਝਿਜਕ 'ਤੇ ਵਿਚਾਰ ਕਰਨ ਲਈ ਉਤਸ਼ਾਹਿਤ ਕਰਦਾ ਹੈ।

ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥੧॥
ਮੇਰੇ ਮਨ ਨੇ ਸਰਵ ਵਿਆਪਕ ਬਿਬੇਕ ਨੂੰ ਧਾਰਨ ਕਰ ਲਿਆ ਹੈ ਅਤੇ ਉਸ ਨਾਲ ਇਕਸੁਰ ਹੋ ਚੁੱਕਾ ਹੈ, ਜਿਸ ਨਾਲ ਨਿਮਰ ਸਾਧਕ ਨੂੰ ਸੰਪੂਰਨਤਾ ਦੀ ਅਵਸਥਾ ਪ੍ਰਾਪਤ ਹੋਈ ਹੈ। ਇਹ ਭਾਵ ਦਰਸਾਉਂਦਾ ਹੈ ਕਿ ਬੌਧਿਕ ਸੂਝ ਪ੍ਰਾਪਤ ਕਰਨ ਨਾਲ ਸੂਝ-ਬੂਝ ਦੇ ਅਨੁਭਵੀ ਏਕੀਕਰਨ ਨੂੰ ਸਮਰੱਥ ਬਣਾਇਆ ਜਾਂਦਾ ਹੈ। (੧)

ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥
ਮੈਂ ਸਰਵ ਵਿਆਪਕ ਹਕੀਕਤ ਦੀ ਖ਼ਾਤਰ ਆਪਣੇ ਸੀਮਤ ਸਵੈ ਨੂੰ ਵਾਰ-ਵਾਰ ਛੱਡਣ ਲਈ ਤਿਆਰ ਹਾਂ। ਇਹ ਭਾਵ ਹਉਮੈਂ ਕੇਂਦਰਿਤ ਪਹਿਚਾਣ ਦੇ ਸੰਪੂਰਨ ਸਮਪਰਨ ਨੂੰ ਦਰਸਾਉਂਦਾ ਹੈ, ਜੋ ਵਿਸ਼ਵਵਿਆਪੀ ਤੱਤਸਾਰ ਨਾਲ ਇਕਸੁਰਤਾ ਨੂੰ ਤਕੜਿਆ ਕਰ ਸਾਨੂੰ ਸਾਰਿਆਂ ਨੂੰ ਆਪਸ ਵਿਚ ਜੋੜਦੀ ਹੈ।

ਕਾਰਨ ਕਵਨ ਅਬੋਲ ॥ ਰਹਾਉ ॥
ਪ੍ਰਗਟ ਨਾ ਕਰਨ ਦਾ ਕੀ ਕਾਰਨ ਹੈ? ਇਹ ਭਾਵ ਟਿਕਾਉ ਦੀ ਸਮਰਥਾ ਨੂੰ ਦਰਸਾਉਂਦਾ ਹੈ, ਜਿੱਥੇ ਜਾਗਰੂਕਤਾ ਮਾਨਤਾ ਲੈਣ ਲਈ ਦਲੀਲਾਂ ਦੀ ਲੋੜ ਨੂੰ ਖਤਮ ਕਰ ਦਿੰਦੀ ਹੈ। (ਠਹਿਰਾਉ)

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਹੇ ਸਰਵ ਵਿਆਪਕ ਚੇਤਨਾ, ਹੋਂਦ ਦੇ ਅਣਗਿਣਤ ਪਲਾਂ ਵਿਚ, ਮੈਂ ਤੁਹਾਡੇ ਨਾਲੋਂ ਵਿਛੜ ਗਿਆ ਹਾਂ। ਮੈਂ ਹੁਣ ਇਸ ਪਲ ਨੂੰ ਤੁਹਾਡੇ ਨਾਲ ਦੁਬਾਰਾ ਜੁੜਨ ਲਈ ਸਮਰਪਿਤ ਕਰਦਾ ਹਾਂ। ਇਹ ਭਾਵ ਏਕਤਾ ਨਾਲ ਪਏ ਪਿਛਲੇ ਵਿਛੋੜੇ ਅਤੇ ਪੁਨਰ ਮਿਲਾਪ ਦੇ ਅਵਸਰ ਨੂੰ ਅਪਣਾਉਣ ਦੀ ਵਚਨਬੱਧਤਾ ਨੂੰ ਸਵੀਕਾਰ ਕਰਦਾ ਹੈ।

ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥੨॥੧॥

ਰਵਿਦਾਸ ਕਹਿੰਦੇ ਹਨ ਕਿ ਉਹ ਸਿਰਫ਼ ਦੁਬਾਰਾ ਜੁੜਨ ਦੀ ਉਮੀਦ ਨਾਲ ਹੀ ਜਿਉਂਦੇ ਹਨ, ਕਿਉਂਕਿ ਬਹੁਤ ਸਮਾਂ ਹੋ ਗਿਆ ਹੈ ਜਦੋਂ ਉਨ੍ਹਾਂ ਆਖਰੀ ਵਾਰ ਸਹਿਜਤਾ ਦੀ ਝਲਕ ਮਹਿਸੂਸ ਕੀਤੀ ਸੀ। ਇਹ ਇਕ ਸਾਧਕ ਦੇ ਧੀਰਜ ਨੂੰ ਦਰਸਾਉਂਦਾ ਹੈ, ਜੋ ਰੂਹਾਨੀ ਹਨੇਰੇ ਦੇ ਸਮੇਂ ਤੋਂ ਬਾਅਦ ਜਾਗਰੂਕਤਾ ਨੂੰ ਮੁੜ ਭਾਲਣ ਦੀ ਆਸ ਬਣਾਈ ਰੱਖਣ ਤੱਕ ਕਾਇਮ ਰਹਿੰਦਾ ਹੈ। (੨)(੧)

ਤੱਤ: ਭਗਤ ਰਵਿਦਾਸ ਸਹਿਜਤਾ ਲਈ ਲੰਬੀ ਘਾਲਣਾ ਦੁਆਰਾ ਬਣਾਈ ਗਈ ਮਨੋਬਿਰਤੀ ਨੂੰ ਗ੍ਰਹਿਣ ਕਰਦੇ ਹਨ, ਜਿੱਥੇ ਅਕਸਰ ਉਲਝਣ ਬਣੀ ਰਹਿੰਦੀ ਹੈ। ਇਹਨਾਂ ਚੁਣੌਤੀਆਂ ਦੇ ਬਾਵਜੂਦ, ਸਾਧਕ ਦ੍ਰਿੜ ਰਹਿੰਦਾ ਹੈ, ਉਮੀਦ ਅਤੇ ਵਿਸ਼ਵਾਸ ਦੀ ਕਿਰਨ ਉਨ੍ਹਾਂ ਅੰਦਰ ਅੰਤਰੀਵੀ ਜਾਗਰੂਕਤਾ ਨਾਲ ਦੁਬਾਰਾ ਜੁੜਣ ਦੀ ਆਸ ਪ੍ਰਚੰਡ ਰੱਖਦੀ ਹੈ। ਇਸ ਰੌਸ਼ਨੀ ਵਿਚ, ਪਰਛਾਵੇਂ ਧੁੰਦਲੇ ਪੈ ਜਾਂਦੇ ਹਨ, ਬੇਚੈਨ ਯਾਤਰਾ ਪ੍ਰਤੀ ਵਚਨਬੱਧਤਾ, ਸਥਿਰਤਾ ਦੇ ਰੂਪ ਵਿਚ ਬਦਲ ਜਾਂਦੀ ਹੈ। ਇਹ ਵਿਕਾਸ ਉਡੀਕ ਨੂੰ ਸਵੈ-ਚੀਨਣ ਅਤੇ ਜਾਗਰੂਕਤਾ ਪ੍ਰਤੀ ਅਪਣਾਈ ਚੁੱਪ ਸ਼ਰਧਾ ਦੇ ਅਰਥਪੂਰਨ ਪ੍ਰਗਟਾਵੇ ਵਿਚ ਬਦਲ ਦਿੰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: OnenessInDiversity.com

ਈਮੇਲ: **onenessindiversityfoundation@gmail.com**